# ਪੰਜਾਬ ਐਜੂਸੈਟ ਸੁਸਾਇਟੀ


**ਐਸ.ਸੀ.ਓ.104-106,ਦੂਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ,**

ਫੋਨ ਨੰ: 0172-2623207, 2621104, 2621106, ਫੈਕਸ: 2624687ਈ-ਮੇਲedusat_sapunjab@yahoo.co.in


ਵੱਲ:

1) ਸਮੂਹ ਸਰਕਲ ਸਿੱਖਿਆ ਅਫਸਰ,
ਜਲੰਧਰ, ਫਰੀਦਕੋਟ, ਨਾਭਾ ।
2) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਪੰਜਾਬ ।

ਮੀਮੋ ਨੰ. **24/35/2008/HOCA/ 0598-620**
ਚੰਡੀਗੜ੍ਹ, ਮਿਤੀ: 25-11-2009

ਵਿਸ਼ਾ: **ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਤਬਦੀਲ ਕੀਤਾ ਟਾਈਮ ਸ਼ਡਿਊਲ ਲਾਗੂ ਕਰਨ ਸਬੰਧੀ।**

ਹਵਾਲਾ: ਇਸ ਦਫਤਰ ਦੇ ਮੀਮੋ ਨੰ. **24/35/2008/HOCA/0573-593**, ਮਿਤੀ: 12-11-2009 ਦੀ ਲਗਾਤਾਰਤਾ ਵਿਚ।

1.0 ਹਵਾਲਾ ਅਧੀਨ ਪੱਤਰ ਅਨੁਸਾਰ ਐਜੂਸੈਟ ਰਾਹੀਂ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਲਈ ਹਰ ਇੱਕ ਪੀਰੀਅਡ ਵਿਚੋਂ 5-5 ਮਿੰਟ ਕੱਢ ਕੇ 35 ਮਿੰਟ ਦਾ ਜ਼ੀਰੋ ਪੀਰੀਅਡ ਬਣਾਇਆ ਗਿਆ ਸੀ ਜਿਸ ਨਾਲ ਸਕੂਲ ਸਮੇਂ ਤੋਂ ਪਹਿਲਾਂ ਅੱਧਾ ਘੰਟਾ ਅਤੇ ਪ੍ਰਾਰਥਨਾ ਦਾ ਸਮਾਂ ਮਿਲਾ ਕੇ ਹਰ ਰੋਜ਼ ਸਵੇਰੇ 8.30 ਵਜੇ ਤੋਂ 9.50 ਵਜੇ ਤੱਕ ਐਜੂਸੈਟ ਦੇ ਪ੍ਰੋਗਰਾਮ ਲਈ ਸਮਾਂ ਦਿੱਤਾ ਗਿਆ ਸੀ।

2.0 ਉਪਰੋਕਤ ਵੰਡ ਅਨੁਸਾਰ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦਾ ਟਾਈਮ ਟੇਬਲ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਦੇ ਪ੍ਰੋਗਰਾਮ ਲਈ ਤਬਦੀਲ ਕਰ ਦਿੱਤਾ ਗਿਆ ਸੀ, ਜਿਸ ਅਨੁਸਾਰ 8.30 ਤੋਂ 9.50 ਵਜੇ ਤੱਕ 12ਵੀਂ ਦੇ ਸਾਇੰਸ ਦੇ ਵਿਦਿਆਰਥੀਆਂ ਲਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ, 9.15 ਤੋਂ 9.50 ਤੱਕ ਸਾਰੇ ਵਿਦਿਆਰਥੀਆਂ ਲਈ ਜ਼ੀਰੋ ਪੀਰੀਅਡ, 9.50 ਤੋਂ 10.25 (ਪਹਿਲਾ ਪੀਰੀਅਡ), 10.25 ਤੋਂ 11.05 (ਦੂਜਾ ਪੀਰੀਅਡ), 11.05 ਤੋਂ 11.45 (ਤੀਜਾ ਪੀਰੀਅਡ), 11.45 ਤੋਂ 12.25 (ਚੌਥਾ ਪੀਰੀਅਡ), 12.25 ਤੋਂ 1.05 (ਪੰਜਵਾਂ ਪੀਰੀਅਡ), 1.05 ਤੋਂ 1.30 (ਅੱਧੀ ਛੁੱਟੀ), 1.30 ਤੋਂ 2.10 (ਛੇਵਾਂ ਪੀਰੀਅਡ), 2.10 ਤੋਂ 2.45 (ਸੱਤਵਾਂ ਪੀਰੀਅਡ) ਅਤੇ 2.45 ਤੋਂ 3.20 (ਅੱਠਵਾਂ ਪੀਰੀਅਡ) ਰੱਖਿਆ ਗਿਆ ਸੀ।

3.0 ਪਿਛਲੇ ਦਿਨਾਂ ਵਿਚ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਜ਼ੀਰੋ ਪੀਰੀਅਡ ਦਾ ਸਦਉਪਯੋਗ ਨਹੀਂ ਕਰ ਰਹੇ ਅਤੇ ਬਾਕੀ ਕਲਾਸਾਂ ਦਾ ਇਹ ਸਮਾਂ ਆਮ ਤੌਰ ਤੇ ਵਿਅਰਥ ਹੀ ਜਾਂਦਾ ਹੈ। ਹੁਣ ਫੈਸਲਾ ਕੀਤਾ ਗਿਆ ਹੈ ਕਿ ਸਕੂਲ ਦਾ ਟਾਈਮ ਟੇਬਲ ਪਹਿਲਾਂ ਦੀ ਤਰ੍ਹਾਂ ਹੀ ਰਹਿਣ ਦਿੱਤਾ ਜਾਵੇ, ਪਰੰਤੂ ਪਹਿਲਾ ਪੀਰੀਅਡ ਜੋ 9.15 ਤੋਂ 10.00 ਵਜੇ ਤੱਕ ਹੁੰਦਾ ਹੈ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਦਿੱਤੇ ਸਮੇਂ ਲਈ ਰੱਖਿਆ ਜਾਵੇ। ਸਬੰਧਤ ਅਧਿਆਪਕ ਆਪਣੇ ਇਸ ਪੀਰੀਅਡ ਦੀ ਪੂਰਤੀ ਬਾਅਦ ਦੇ ਸਕੂਲ ਟਾਈਮ ਵਿਚ ਐਡਜਸਟ ਕਰ ਸਕਦੇ ਹਨ। ਸੋਧੀਆਂ ਹੋਈਆਂ ਹਦਾਇਤਾਂ ਅਨੁਸਾਰ ਹੁਣ ਮੁਕਾਬਲੇ ਦੀ ਪ੍ਰੀਖਿਆ ਲਈ ਸਮਾਂ 8.30 ਵਜੇ ਤੋਂ 10.00 ਵਜੇ ਤੱਕ ਹੋਵੇਗਾ ਅਤੇ ਬਾਕੀ ਦੇ ਪੀਰੀਅਡ (ਨੰਬਰ ਦੋ ਤੋਂ ਅੱਠ ਤੱਕ) ਨਾਲ ਨੱਥੀ ਟਾਈਮ ਟੇਬਲ ਅਨੁਸਾਰ ਪਹਿਲਾਂ ਦੀ ਤਰ੍ਹਾਂ ਹੀ ਲੱਗਣਗੇ। ਇਸ ਤਰ੍ਹਾਂ ਉਹ ਕਲਾਸਾਂ ਜੋ ਐਜੂਸੈਟ ਪ੍ਰੋਗਰਾਮ ਵਿਚ ਭਾਗ ਨਹੀਂ ਲੈਂਦੀਆਂ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਕ੍ਰਿਪਾ ਕਰਕੇ ਸਾਰੇ ਸਬੰਧਤ ਅਧਿਕਾਰੀਆਂ,ਸਕੂਲ ਮੁਖੀਆਂ ਅਤੇ ਵਿਦਿਆਰਥੀਆਂ ਨੂੰ ਤੁਰੰਤ ਸੂਚਿਤ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**

ਪਿਠ ਅੰਕਣ ਨੰ: **24/35/2008/HOCA/0621-23** **ਮਿਤੀ: 25-11-2009**

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡੀ.ਪੀ.ਆਈ. (ਸੈ.ਸਿ.), ਪੰਜਾਬ, ਸੈਕਟਰ-17 ਏ, ਚੰਡੀਗੜ੍ਹ
2. ਏ.ਐਸ.ਪੀ.ਡੀ., ਕੋਆਰਡੀਨੇਸ਼ਨ ਐਸ.ਐਸ.ਏ. ਪੰਜਾਬ, ਚੰਡੀਗੜ੍ਹ
3. ਏ.ਐਸ.ਪੀ.ਡੀ., ਸਾਇੰਸ ਅਤੇ ਮੈਥ ਸੈੱਲ, ਐਸ.ਐਸ.ਏ. ਪੰਜਾਬ, ਚੰਡੀਗੜ੍ਹ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**